# ਅੰਮ੍ਰਿਤ ਕੀਰਤਨ

ਅੰਕ 5 ਸਾਲ ਪੰਜਵਾਂ ਮਈ 1993



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15 ਏ ਚੰਡੀਗੜ੍ਹ ਫੋਨ : 24660

# ਅੰਮ੍ਰਿਤ ਕੀਰਤਨ

ਅੰਕ 5 ਸਾਲ ਪੰਜਵਾਂ ਮਈ 1993

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ
**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
**ਚਿੱਤਰਕਾਰ** :
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ** :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422 ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

**ਵਿਸ਼ਾ** **ਪੰਨਾ**

1. ਸ਼ਬਦ ਗਾਇਕ ਕੀਰਤਨ-ਕਾਰਾਂ ਹਿਤ ਕੁਝ ਸੁਝਾਅ — ਟੀ. ਸੀ. ਨਾਗਪਾਲ 1
2. ਤੁਹਾਡੇ ਪੱਤਰ 9
3. ਭਾਈ ਮੋਤੀ —ਸਾਡੇ ਰਬਾਬੀ — ਬਲਬੀਰ ਸਿੰਘ ਕੰਵਲ 10
4. ਆਸਾ ਸੇਖ ਫਰੀਦ ਜੀਉ ਕੀ ਬਾਣੀ — ਸ਼ਬਦ ਸੁਰ ਲਿਪੀ 13
5. ਭਾਈ ਮਰਦਾਨਾ ਯਾਦਗਾਰੀ ਵਿਦਿਆਰਥੀ ਕੀਰਤਨ ਦਰਬਾਰ—ਸਮਾਗਮ ਰਿਪੋਰਟ 15

**ਨੋਟ** : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਣਿਤ ਹੈ।

**AMRIT KIRTAN**
**MAY, 1993**

**Regd. No. Pb./CH-155**
**R.N.I. No. 46788/89**

# ਸ਼ਬਦ ਗਾਇਕ ਕੀਰਤਨ-ਕਾਰਾਂ ਹਿਤ ਕੁਝ ਸੁਝਾਅ

**ਟੀ. ਸੀ. ਨਾਂਗਪਾਲ**

"ਮੌਜੂਦਾ ਸਿੱਖ ਰਾਗੀ ਜਾਂ ਸ਼ਬਦ ਗਾਇਕ ਕੀਰਤਨ-ਕਾਰਾਂ ਦੀ ਸੇਵਾ ਵਿੱਚ ਵਿੱਚ ਹੱਥ ਜੋੜ ਕੇ ਨਿਮਰਤਾ ਸਹਿਤ ਇੱਕ ਪ੍ਰਾਰਥਨਾ ਤੇ ਸਪ੍ਰੇਮ ਕੁਝ ਸੁਝਾਓ।"

ਬਜ਼ੁਰਗਾਂ ਤੇ ਦਾਨਿਸ਼ਵਰਾਂ ਦੀ ਮਾਨਤਾ ਹੈ ਕਿ ਅਸਲੀ ਸਹੀ ਫ਼ਨਕਾਰ ਯਾ ਕਲਾਕਾਰ ਇਹ ਸਰੀਰਕ ਚੋਲਾ ਛੱਡ ਜਾਣ ਬਾਅਦ ਭੀ ਕਦੇ ਮੂਲੋਂ ਮਰਦਾ ਨਹੀਂ ਬਲਕਿ ਕਿਸੇ ਸੁਚੱਜੇ, ਸਿਆਣੇ ਉਸਤਾਦ ਮੁਰਸ਼ਦ ਵਾਲਾ ਹੋਣ ਦੀ ਹੈਸੀਅਤ ਵਿੱਚ ਕਾਫ਼ੀ ਲੰਮੇ ਅਰਸੇ ਤੱਕ ਮਨੁੱਖੀ ਸਮਾਜ ਵਿੱਚ ਆਪਣੀ ਯਾਦ ਛੱਡ ਜਾਂਦਾ ਹੈ। ਵੈਸੇ ਫ਼ਨਕਾਰ ਜਾਂ ਕਲਾਕਾਰ ਤਾਂ ਦੁਨੀਆ ਵਿੱਚ ਹਜ਼ਾਰਾਂ ਕਿਸਮ ਦੇ ਹਨ ਅਤੇ ਹਰ ਫ਼ਨ ਅਤੇ ਕਲਾ ਦੀ ਆਪੋ ਆਪਣੀ ਜਗ੍ਹਾ ਆਪਣੀ ਆਪਣੀ, ਵੱਖ ਵੱਖ ਕਿਸਮ ਦੀ ਮਹੱਤਤਾ ਹੈ, ਅਹਿਮੀਅਤ ਹੈ। ਫੇਰ ਵੀ ਇਹ ਗੁਰ-ਸ਼ਬਦ ਗਾਇਕ, ਫ਼ਨਕਾਰ ਯਾ ਕਲਾਕਾਰ ਦੀ ਬਾਕੀ ਆਮ ਕਲਾਕਾਰਾਂ ਨਾਲੋਂ ਮੁਕਾਬਲਤਨ ਹੋਰ ਵੀ ਵਧੇਰੇ ਮਹਾਨਤਾ ਹੈ ਕਿਉਂਕਿ ਇਹ ਨਿਰੀ ਕੋਈ ਸੰਸਾਰਕ ਵਿੱਦਿਆ ਯਾ ਰੋਟੀ ਰੋਜ਼ੀ ਦੇ ਮਸਲੇ ਦਾ ਹੁਨਰ ਨਹੀਂ ਬਲਕਿ ਇਹ ਰਾਗਨਾਦ + ਧੁਰ ਕੀ ਬਾਣੀ ਦਾ ਮਜਮੂਆ ਹੈ ਅਤੇ ਇੰਜ ਇਹ ਪੁਰ ਸਰੂਰ, ਸਵਾਦਲਾ ਇਕਾਗਰਤਾ ਪੈਦਾ ਕਰਨ ਵਾਲਾ 'ਹਰਿ-ਕੀਰਤ' ਯਾ ਪ੍ਰਭੂ ਯਸ਼ ਬਣ ਜਾਂਦਾ ਹੈ ਅਤੇ ਇੰਜ ਸਾਡੇ ਆਮ ਜਨ-ਸਧਾਰਨ ਵਿਅਕਤੀਆਂ ਦਾ ਕਾਫੀ ਹੱਦ ਤੱਕ ਲੋਕ ਪਰਲੋਕ ਭੀ ਸੁਧਾਰਦਾ ਹੈ। this is without prejudice.

1. ਹਾਂ ਤਾਂ ਸਭ ਤੋਂ ਪਹਿਲਾਂ ਤਾਂ ਇੱਥੇ ਇੱਕ ਕੀਰਤਨਕਾਰ ਸੱਜਣ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਪ੍ਰਭੂ, ਵਾਹਿਗੁਰੂ ਕੋਲੋਂ ਉਸਨੂੰ ਮੁਢਲੀ (ਗਲੇ ਦੀ) ਦਾਤ ਭੀ ਮੁਯੱਸਰ ਹੈ ਕਿ ਨਹੀਂ। ਭਾਈ ਪ੍ਰਤਾਪ ਸਿੰਘ ਲੋਲ੍ਹਾ ਰਾਗੀ ਜੀ ਨੇ ਭਾਈ ਤਾਬਾ ਰਬਾਬੀ ਤੋਂ ਬਹੁਤ ਕੁਝ ਸਿੱਖਿਆ ਪੜਤਾਲਾਂ ਤੱਕ ਭੀ ਸਿੱਖੀਆਂ ਲੇਕਿਨ ਗਲਾ ਨਾ ਹੋਣ ਕਾਰਨ ਖ਼ਾਸ ਕਾਮਯਾਬ ਨਾ ਹੋ ਸਕੇ। ਕੁਝ ਸਾਲ ਸ੍ਰੀ ਹਰਿਮੰਦਰ ਸਾਹਿਬ ASR ਵਿਖੇ ਡਿਊਟੀ ਦਿੰਦੇ ਰਹੇ ਪਰ ਖ਼ਾਸ ਪ੍ਰਭਾਵਸ਼ਾਲੀ ਕੰਮ ਨਾ ਕਰ ਸਕੇ।

ਭਾਈ ਤੇਗਾ ਸਿੰਘ ਮਰਹੂਮ ਕਈ ਸਾਲ ਬਤੌਰ ਸ਼ਾਗਿਰਦ ਭਾਈ ਚਾਂਦ ਜੀ ਰਬਾਬੀ ਨਾਲ Attach ਰਹੇ ਪਰ ਗਲਾ ਨਾ ਹੋਣ ਕਾਰਨ ਕੁਝ ਭੀ ਕਾਮਯਾਬ ਨਾ ਹੋ ਸਕੇ। ਬਿਲਕੁਲ NIL ਦੇ NIL ਰਹੇ ਇਹ ਕੀਰਤਨਕਾਰੀ ਦਾ ਧੰਦਾ, ਕਿੱਤਾ, ਪੇਸ਼ਾ ਯਾ Profession ਅਖ਼ਤਿਆਰ ਕਰਨ ਤੋਂ ਪਹਿਲਾਂ clasical music ਦੀ ਸਿਖਲਾਈ ਜ਼ਰੂਰੀ ਅਵੱਸ਼ ਜਾਂ (with out fail) ਕਿਸੇ ਸਿਆਣੇ ਉਸਤਾਦ ਤੋਂ ਹਰ ਹਾਲਤ ਵਿੱਚ ਲੈਣੀ ਹੀ ਚਾਹੀਦੀ ਹੈ।

2. ਸਟੇਜ ਜਾਂ ਮੰਚ ਤੇ ਬੈਠਕੇ ਪਬਲਿਕ ਸਾਹਮਣੇ ਕਦੇ ਰੁੱਖੀ, ਫਿੱਕੀ ਗਾਇਕੀ ਨਹੀਂ ਕਰਨੀ ਚਾਹੀਦੀ। ਜੇਕਰ ਸਰੀਰ ਸਵਸਥ ਨਾ ਹੋਵੇ ਤਾਂ ਡਿਊਟੀ ਕਰਨੋਂ ਇਨਕਾਰ ਕਰ ਦੇਣਾ ਚਾਹੀਦਾ ਹੈ। Public ਨੂੰ face ਕਰਨ ਤੋਂ ਬਾਅਦ ਲੱਗਦੀ ਵਾਹ ਇੱਕ ਮਿੰਟ ਵੀ ਇਧਰ ਉਧਰ ਦੀਆਂ ਗੱਲਾਂ ਵਿੱਚ ਨਹੀਂ ਗਵਾਉਣਾ ਚਾਹੀਦਾ ਅਤੇ ਇੰਜ ਹੀ ਮਿੱਥਿਆ ਸਮਾਂ ਪੂਰਾ ਹੋ ਜਾਣ ਤੇ ਫੌਰਨ ਸਟੇਜ ਛੱਡ ਦੇਣੀ ਚਾਹੀਦੀ ਹੈ। ਵਾਧੂ ਸਮਾਂ ਹੋਰ ਆਪਣੇ ਆਪ ਲੈ ਕੇ ਪ੍ਰਬੰਧਕਾਂ ਨੂੰ ਲਾਲ ਬੱਤੀ ਦਿਖਾਣ ਤੇ ਮਜਬੂਰ ਨਹੀਂ ਕਰਨਾ ਚਾਹੀਦਾ।

3. ਆਪਣੇ ਜ਼ਿਹਨ ਵਿੱਚ ਨੇਕ ਨੀਤੀ ਨਾਲ ਆਪਣੇ ਆਰਟ, ਹੁਨਰ ਯਾ ਗਾਇਕੀ ਨਾਲ ਹਾਜ਼ਾਰੀਨ ਯਾ ਸਰੋਤਿਆਂ ਦੇ ਕੁੱਝ ਪੱਲੇ ਪਾਉਣ ਦੀ ਭਾਵਨਾ ਰੱਖਣੀ ਚਾਹੀਦੀ ਹੈ। ਅਤੇ ਇੰਜ ਆਪਣੀ ਕੀਤੀ ਕਾਰਗੁਜ਼ਾਰੀ ਰਾਹੀਂ ਆਪ ਭੀ ਰਸ ਅਤੇ ਸਰੂਰ ਮਾਨਣਾ ਚਾਹੀਦਾ ਹੈ।

4. ਸਿਆਣੇ ਰਾਗੀ ਸੱਜਣਾ ਨੂੰ ਚਾਹੀਦਾ ਹੈ ਕਿ ਨਾ ਤਾਂ ਸੰਗਤ ਨੂੰ ਕਹਿ ਕੇ ਆਪਣੇ ਪਿੱਛੇ ਪਿੱਛੇ ਬੋਲਣ ਨੂੰ ਕਹੇ ਅਤੇ ਨਾਂ ਹੀ ਸੰਗਤ ਨੂੰ ਆਪਣੇ ਆਪ ਬੋਲਣ ਦੀ ਅਨੁਮਤੀ ਦੇਵੇ। ਇੰਜ ਸ਼ਬਦ ਕੀਰਤਨ ਦਾ ਸ਼ਬਦ ਸਰੂਰ ਨਾਲ ਨਹੀਂ ਰਹਿ ਜਾਂਦਾ ਅਤੇ ਨਾ ਹੀ ਸ੍ਰੋਤਿਆਂ ਦੇ ਮਨ ਵਿੱਚ ਇਕਾਗਰਤਾ ਯਕਸੂਈ ਆਉਂਦੀ ਹੈ। ਕਿਉਕਿ ਸੰਗਤ ਯਾ ਤਾਂ ਪਿੱਛੋਂ ਸੁਰਾ ਬੇਸੁਰਾ ਬੋਲੇਗੀ ਯਾ ਫਿਰ ਕੀਰਤਨ ਨੂੰ ਬਹੁਤ ਸਾਦਾ ਕਰ ਦੇਵੇਗੀ। ਫਿਰ ਇੰਜ ਕੀਰਤਨ ਵਿੱਚ ਕੋਈ ਉਸਤਾਦਾਨਾ ਗਾਇਕੀ ਦਾ ਅੰਸ਼ ਭੀ ਨਹੀਂ ਰਹਿ ਜਾਂਦਾ। ਹਾਂ ਕੀਰਤਨਕਾਰ ਸੱਜਣ ਨੂੰ Rest ਜ਼ਰੂਰ ਲੋੜੋ ਵੱਧ ਮਿਲ ਜਾਵੇਗੀ।

5. ਜੇਕਰ ਕੋਈ ਸਰੋਤਾ ਸੱਜਣ ਦਸ ਵੀਹ ਦਮੜੇ ਸ਼ਬਦ ਭੇਟ ਦੇ ਕੇ ਨਾਲ ਹੀ ਰਾਗੀ ਸੱਜਣ ਨੂੰ ਕੋਈ ਪੁਰਾਣਾ ਉਹਨਾਂ ਤੋਂ ਸੁਣਿਆ ਸ਼ਬਦ ਮੁੜ on the spot ਸੁਨਾਣ ਗਾਉਣ ਲਈ ਕਹਿ ਦੇਵੇ ਤਾਂ ਰਾਗੀ ਸੱਜਣ ਨੂੰ ਝੱਟ ਉਹੀ ਸ਼ਬਦ ਨਹੀਂ ਸੁਣਾ ਦੇਣਾ ਚਾਹੀਦਾ ਬਲਕਿ ਰਾਗੀ ਸੱਜਣ ਨੂੰ ਵਿਚਾਰਨਾ ਚਾਹੀਦਾ ਹੈ ਕਿ ਜੋ ਫਰਮਾਇਸ਼ ਆਈ ਹੈ ਉਹ ਮੌਕੇ ਮਹਲ ਅਨੁਸਾਰ ਫਿੱਟ ਭੀ ਹੈ ਯਾ ਨਹੀਂ। ਇਕ ਸ੍ਰੋਤੇ ਨੂੰ ਖੁਸ਼

ਕਰਨ ਲਈ ਸਾਰੀ ਮਹਫਿਲ ਦਾ ਰੰਗ ਫਿੱਕਾ ਨਹੀਂ ਪਾ ਦੇਣਾ ਚਾਹੀਦਾ। ਯਾ ਖ਼ੁਦ ਭੀ ਇਹ ਕਹਿ ਕੇ ਕਿ ਇਸ ਫਲਾਣੇ ਸ਼ਬਦ ਦੀ ਬੜੀ ਮੰਗ ਸਰੋਤਿਆਂ ਵੱਲੋਂ ਆਈ ਹੈ। ਉਹੀ ਗਾ ਦੇਣਾ ਅਤੇ ਮੌਕੇ ਮਹੱਲ ਦਾ ਖਿਆਲ ਦਿਮਾਗੋਂ ਭੁਲਾ ਦੇਣਾ ਗ਼ਲਤ ਹੈ।

6. ਕੀਰਤਨ-ਕਲਾਕਾਰ ਨੂੰ moody mind ਬਿਲਕੁਲ ਨਹੀਂ ਹੋਣਾ ਚਾਹੀਦਾ ਕਿ ਸਬਬ ਨਾਲ ਜੇ ਸ੍ਰੋਤੇ ਕੁਝ ਘੱਟ ਗਿਣਤੀ ਵਿੱਚ ਨਜ਼ਰ ਆਏ ਤਾਂ ਜਾਣਦੇ ਬੁਝਦੇ ਬੀ ਆਪਣੀ ਕਲਾ ਦਾ ਮੁਜ਼ਾਹਿਰਾ ਨਾ ਕਰਨਾ ਅਤੇ ਐਵੇਂ ਸਾਦਾ ਕੰਮ ਕਰਕੇ ਸਾਜ਼ ਠੱਪ ਕਰਨੇ ਅਤੇ ਇੰਜ ਭੋਗ ਦੀ ਸਮਾਪਤੀ ਪੌੜੀ ਭੀ ਚੱਜ ਨਾਲ ਗਾ ਵਜਾ ਕੇ ਪੇਸ਼ ਨਾ ਕਰਨੀ। s ਜੋ ਰਾਗ, ਤਰਜ਼ ਯਾ ਸ਼ਬਦ ਅੱਜ ਗਾ ਵਜਾ ਲਿਆ ਹੋਵੇ ਉਹੀ ਮੁੜ ਮੁੜ ਦੂਜੇ ਚੌਥੇ ਨਹੀਂ put up ਕਰ ਦੇਣਾ ਚਾਹੀਦਾ ਮਹੀਨੇ ਕੁ ਦੀ ਵਿੱਥ ਤੇ ਜੇਕਰ ਫਰਜ਼ੇ-ਮੁਹਾਲ ਉਹੀ ਕੋਈ ਚੰਗੀ ਤਰਜ਼ ਯਾ ਧੁਨ ਪ੍ਰਤੀਤ ਹੁੰਦੀ ਹੋਵੇ ਤਾਂ ਵਿੱਚ ਫਿਰ ਸ਼ਬਦ ਬਦਲ ਦੇਣਾ ਚਾਹੀਦਾ ਹੈ।

7. ਘੰਟੇ ਸਵਾ ਘੰਟੇ ਦੀ ਚੌਕੀ ਵਿੱਚ ੬-੭ ਸਾਦੇ ਸ਼ਬਦ ਨਹੀਂ ਗਾ ਦੇਣੇ ਚਾਹੀਦੇ ਬਲਕਿ ਇੱਕ ਜਿਹੜਾ ਵੀ ਸ਼ਬਦ ਛੋਹਿਆ ਜਾਵੇ ਉਸੇ ਦੀਆਂ ਪੰਕਤੀਆਂ ਜਾਂ ਸਿਧਾਂਤ ਦੇ ਅਨੁਕੂਲ (To The Point) ਉਸ ਮਜ਼ਮੂਨ ਦੀ ਗੁਰਬਾਣੀ ਦੇ ਹੋਰ ਹੋਰ ਪ੍ਰਮਾਣਾਂ ਦਵਾਰਾ ਉਸਦੀ ਪ੍ਰੋੜਤਾ ਕਰਨੀ ਚਾਹੀਦੀ ਹੈ ਅਤੇ ਗਾਈਆਂ ਜਾ ਰਹੀਆਂ ਪੰਕਤੀਆਂ ਨੂੰ ਇੰਜ ਮੁਖ਼ਤਲਿਫ਼ ਪ੍ਰਮਾਣਾ ਦਵਾਰਾ ਸਿੱਧ ਕਰਨਾ ਚਾਹੀਦਾ ਹੈ। ਅਤੇ ਇੰਜ ਸ਼ਬਦ-ਗਾਇਨ, ਗੁਰਮਤਿ-ਸੰਗੀਤ ਵਿੱਚ ਰਾਗਾਤਮਕ ਗਾਇਕੀ ਦੀ ਚਾਸ਼ਨੀ ਵਿੱਚ ਤਰ ਕਰਕੇ ਸੰਗਤ ਯਾ ਸ੍ਰੋਤਿਆਂ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ। ਬਲਕਿ ਇੱਕ ਸੁਚੱਜੇ ਕਲਾਕਾਰ ਨੂੰ ਤਾਂ ਇਹ ਤੌਰ ਤਰੀਕਾ ਆਪਣੇ ਸੁਭਾਅ ਤੇ ਆਦਤ ਵਿੱਚ ਹੀ ਸ਼ਾਮਿਲ ਕਰ ਲੈਣਾ ਚਾਹੀਦਾ ਹੈ। ਅਸਲ ਫ਼ਨਕਾਰ ਤਾਂ ਉਹ ਹੁੰਦਾ ਹੈ ਜੋ ਕਿ ਇੱਕ ਵਾਰ ਜੇਕਰ ਡਿਊਟੀ ਤੇ ਬੈਠ ਜਾਏ ਤਾਂ ਪੂਰੇ ਜ਼ੋਰ ਸ਼ੋਰ ਨਾਲ, ਜੋਸ਼ ਜਜ਼ਬੇ ਦੇ ਤਹਿਤ ਗੁਰ-ਸ਼ਬਦ ਦੀ ਗਾਇਕੀ ਦੇ ਨਾਲ ਨਾਲ ਇਸਦੇ ਅੰਤਰੀਵੀ ਭਾਵ ਨੂੰ ਵੀ ਸ੍ਰੋਤਿਆਂ ਸਾਹਮਣੇ put up ਕਰਨ ਲਈ, ਕਾਫੀ ਵਧੀਆ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ, ਵਾਰਾਂ ਕਬਿਤ ਭਾਈ ਗੁਰਦਾਸ ਜੀ ਵਿੱਚੋਂ, ਫਾਰਸੀ ਕਲਾਮ ਭਾਈ ਨੰਦ ਲਾਲ ਜੀ ਵਿੱਚੋਂ ਤੇ ਹੋ ਸਕੇ ਤਾਂ ਕੁਝ ਦਸਮ ਗ੍ਰੰਥ ਵਿੱਚੋਂ ਵੀ ਹਵਾਲੇ ਅਤੇ ਪ੍ਰਮਾਣ ਦੇਂਦੇ ਹੋਏ ਆਪਣੀ ਗਾਇਕੀ ਨੂੰ ਇੱਕ ਮਜ਼ਮੂਨ ਯਾ subject ਦੀ ਸ਼ਕਲ ਦੇ ਸਕਦਾ ਹੋਵੇ। ਅਤੇ ਫਿਰ ਸਾਰਾ ਕੁਝ ਮਾਹਿਰ ਫ਼ਨਕਾਰ ਯਾ ਕਲਾਕਾਰ ਦੀ ਜ਼ਬਾਨੀ ਯਾਦ ਦਾਸ਼ਤ ਤੇ ਨਿਰਭਰ ਕਰਦਾ ਹੋਵੇ ਬਹਰ ਹਾਲ ਕੁਝ ਲਿਖਕੇ ਅੱਗੇ ਰੱਖ ਲੈਣਾ ਇਹ ਦਰਜਾ ਦੋਮ ਦੀ ਗੱਲ ਹੈ। ਇਹ ਢੰਗ ਵੈਸੇ ਕੋਈ ਚੰਗਾ ਫੱਬਦਾ ਨਹੀਂ। ਸਿਆਣਾ ਅਤੇ ਸੂਝਵਾਨ ਰਾਗੀ ਸੱਜਣ ਤਾਂ

ਪਹਿਲੇ ਹੀ ਫਿਲਮੀ ਤਰਜ਼ਾਂ ਜਾਂ ਧੁਨਾਂ ਦੀ ਵਰਤੋਂ ਸ਼ਬਦ ਗਾਇਕੀ ਵਿੱਚ ਨਹੀਂ ਕਰਦਾ ਬਲਕਿ ਇਸਦਾ ਅੰਸ਼ ਭੀ ਨਹੀਂ ਵਰਤਦਾ। ਸੋ ਚੰਗੀ ਗੱਲ ਹੈ।

7. ਸਾਈਡ ਤੇ ਬੈਠੇ ਕੀਰਤਨੀ ਸੱਜਣ ਨੂੰ ਗਾਹੇ ਸਗਾਹੇ ਨੁਮਾਯਾਂ ਆਵਾਜ਼ ਲਗਾਣੀ ਚਾਹੀਦੀ ਹੈ। ਗਾਇਕੀ ਸਮੇਂ ਜਥੇਦਾਰ ਕੀਰਤਨੀ ਦੇ ਪਿੱਛੇ ਪਿੱਛੇ ਵਾਰੀ ਭੀ ਦੇਣੀ ਚਾਹੀਦੀ ਹੈ। ਤਬਲਾ-ਨਿਵਾਜ਼ ਸਾਥੀ ਦਾ ਨਾਲ ਗਾਉਣਾ ਜਾਂ ਨਾ ਗਾਉਣਾ ਜਥੇਦਾਰ ਕੀਰਤਨੀ ਸੱਜਣ ਦਾ Look out ਹੈ। ਯਾ ਨਿਗਹਬਾਨੀ ਤੇ ਨਿਰਭਰ ਕਰਦਾ ਹੈ ਕਿ ਕੀ ਇੰਜ ਉਸਤਾਦਾਂਨਾ-ਗਾਇਕੀ ਦਾ ਤਵਾਜ਼ਨ ਵਿਗੜਨ ਦਾ ਖਦਸ਼ਾ ਤਾਂ ਨਹੀਂ। ਯਾ ਤਬਲਾ ਨਿਵਾਜ਼ ਦੇ ਪੋਟੇ ਚੋਂ ਰਸ ਅਤੇ ਸਵਾਦ ਦੀ ਘਾਟ ਤਾਂ ਨਹੀਂ ਨਾਲ ਬੋਲਣ ਤੇ ਪੈਦਾ ਹੋ ਜਾਂਦੀ।

8. ਹਰਮੋਨੀਅਮ ਦੇ ਸਹਾਰੇ ਆਪਣੀ ਗ਼ਾਇਕੀ ਦੇ ਦਰਮਿਆਨ ਲੋੜੋਂ ਵੱਧ ਵਕਫ਼ਾ ਨਹੀਂ ਛੱਡਣਾ ਚਾਹੀਦਾ। ਯਾਨੀ ਕਿ ਇੱਕ ਵਾਰ ਜਥੇਦਾਰ ਨੇ ਸਾਦੀ ਜਿਹੀ ਤਰਜ਼ ਆਪ ਗਾਈ ਮੁੜ ਉਸੇ ਤਰਜ਼ ਨੂੰ ਹਰਮੋਨੀਅਮ ਤੇ ਵਜਾਇਆ ਅਤੇ side ਦਾ ਸਾਥੀ ਖ਼ਾਮੋਸ਼ ਰਿਹਾ। ਯਾ ਦੋਨਾਂ ਕੀਰਤਨੀਆਂ ਨੇ ਰਲ ਕੇ ਉਹੀ ਸਾਦੀ ਸਿੱਧੀ ਜਿਹੀ ਤਰਜ਼ ਯਾ ਧੁਨ ਇਕ ਵਾਰ ਖ਼ੁਦ ਗਾਈ ਇੱਕ ਵਾਰੀ ਇੰਜ ਸਾਜ਼ਾਂ ਤੋਂ ਲਈ ਯਾ ਇੱਕੋ ਪੰਕਤੀ ਚਾਰ ਚਾਰ, ਪੰਜ ਪੰਜ ਵਾਰ ਗਾਉਂਦੇ ਚਲੇ ਗਏ। ਨਾ ਕੋਈ ਆਵਾਜ਼, ਨਾ ਤਾਨ ਨਾ ਸਰਗਮ, ਨਾ ਕੋਈ ਗਲੇ ਦੀ ਹਰਕਤ ਨਾ ਪਲਟਾ, ਨਾ ਮੀਂਡ, ਨਾ ਮੁਰਕੀ, ਨਾ ਕਿਸੇ ਰਾਗ ਦਾ ਅਲਾਪ ਅਤੇ ਨਾ ਹੀ ਕੋਈ ਪ੍ਰਮਾਣ ਆਦਿ ਪੇਸ਼ ਕੀਤਾ। ਸੋ ਵਾਹਿਗੁਰੂ ਹੀ ਜਾਣੇ ਇੰਜ ਸਰੋਤੇ ਦੇ ਪੱਲੇ ਕੁਝ ਪਿਆ ਕਿ ਨਹੀਂ।

9. ਘੱਟੋ ਘੱਟ ਮੰਗਲਾ ਚਰਨ ਤੇ ਭੋਗ ਦੀ ਪਉੜੀ ਤਾਂ ਬੜੇ ਉਤਸ਼ਾਹ-ਜਨਕ ਢੰਗ ਨਾਲ ਸੰਗਤ ਯਾ ਸਰੋਤਿਆਂ ਸਾਹਮਣੇ ਆਪਣੇ ਮਨ ਅਨੁਸਾਰ ਪੂਰੇ ਜ਼ੋਰ ਤਰਾਣ ਨਾਲ ਗਾ ਵਜਾ ਕੇ ਪੇਸ਼ ਕਰਨੀ ਚਾਹੀਦੀ ਹੈ। ਇਤਨੇ ਕੁ ਕੰਮ ਨਾਲ ਤਾਂ ਕੋਈ ਖ਼ਾਸ ਥਕਾਵਟ ਨਹੀਂ ਹੋ ਜਾਂਦੀ। ਕੀਰਤਨ ਸਮੇਂ ਕੀਰਤਨ ਕਾਰਾਂ ਨੂੰ ਅੱਖਾਂ ਖੋਲ੍ਹਕੇ ਬਲਕਿ ਸਰੋਤਿਆਂ ਦੀ ਨਜ਼ਰ ਵੱਲ ਮੁਖ਼ਾਤਿਬ ਹੋਕੇ ਕੀਰਤਨ ਕਰਨਾ ਚਾਹੀਦਾ ਹੈ। ਇੰਜ ਸਰੋਤਿਆਂ ਦੀ ਬਿਰਤੀ ਨੂੰ ਬੀ ਕੁਝ ਪਾਬੰਦ ਕੀਤਾ ਜਾ ਸਕਦਾ ਹੈ। ਅਤੇ ਮਾਹੌਲ ਸ਼ੋਰੋ-ਗੁਲ ਤੋਂ ਸਾਫ਼ ਰਹਿੰਦਾ ਹੈ।

10. ਸ਼ਬਦ ਦੀ ਚੋਣ (ਜੋ ਭੀ ਗਾਉਣਾ ਸ਼ੁਰੂ ਕੀਤਾ ਜਾਵੇ) ਉਹ ਮੌਕੇ ਮਹੱਲ ਦੇ ਵਿਚਾਰ ਨਾਲ ਅਤੇ ਦਿਨ ਦਿਹਾਰ, ਸੰਗਰਾਂਦ, ਪੰਚਮੀ; ਅਮਾਵਸ ਪੂਰਨਮਾਸ਼ੀ, ਦੁਸਿਹਰਾ, ਹੋਲੀ, ਬਸੰਤ, ਸਮਾਜਿਕ ਖ਼ੁਸ਼ੀਆਂ ਗ਼ਮੀਆਂ ਯਾ ਹੋਰ ਇੰਜ ਅਵਤਾਰ ਆਗਮਨ ਅਤੇ ਸ਼ਹੀਦੀ ਗੁਰਪੁਰਬਾਂ ਨੂੰ ਲਗਦੀ ਵਾਹ ਮੁੱਖ ਰਖਕੇ ਉਹੋ ਜਿਹਾ ਸ਼ਬਦ ਗਾਉਣਾ ਚੁਣ ਲਿਆ ਜਾਵੇ ਤਾਂ ਕਿ ਇੰਜ ਸੰਗਤ ਵੱਧ ਤੋਂ ਵੱਧ ਲਾਭ ਲੈ ਸਕੇ। ਕਿਉਕਿ ਗੁਰਬਾਣੀ ਵਿਚੋਂ ਕਿਸੇ subject ਉਪਰ ਸ਼ਬਦ ਯਾ ਪੰਕਤੀਆਂ ਲੱਭਣ

ਦੀ ਘਾਟ ਨਹੀਂ। ਮਨੁੱਖੀ ਜ਼ਿੰਦਗੀ ਨਾਲ ਵਾ-ਬਸਤਾ ਹਰ ਤਰ੍ਹਾਂ ਦੇ ਮਸਲਿਆਂ ਦਾ ਜ਼ਿਕਰ ਅਤੇ ਸਾਡੇ ਜੀਵਾਂ ਲਈ ਸੇਧ ਗੁਰੂ ਸਾਹਿਬਾਂ ਮੁਕਰਰ ਕਰ ਰੱਖੀ ਹੈ ਘਾਟ ਸਿਰਫ਼ ਸਾਡੇ ਸ੍ਰੋਤੇ ਵਕਤਿਆਂ ਤੇ ਕਲਾਕਾਰਾਂ ਦੀ ਖੋਜ ਪੜਤਾਲ ਵਿਚ ਹੀ ਹੈ। this is with out prejudice

11. ਕਈ ਵਾਰੀ ਵੱਡੇ ਦੀਵਾਨਾ ਅਤੇ ਸਮਾਗਮਾਂ ਵਿੱਚ ਪ੍ਰਬਧਕਾਂ ਦੀ ਬੇਗ਼ੌਰੀ ਨਾਲ ਸੰਗਤ ਦੋ ਹਿਸਿਆਂ ਵਿੱਚ ਵੰਡੀ ਜਾਂਦੀ ਹੈ। ਅਤੇ ਵਿਚਕਾਰੋਂ ਸੰਗਤ ਭੀੜ ਦੀ ਸ਼ਕਲ ਵਿੱਚ ਗੁਰੂ ਮਹਾਰਾਜ ਨੂੰ ਮੱਥਾ ਟੇਕਣ ਪੁਜਦੀ ਰਹਿੰਦੀ ਹੈ। ਅਤੇ ਇੰਜ ਕੀਰਤਨ ਦੀ ਬੇਰਸੀ ਹੁੰਦੀ ਹੈ। ਤੇ ਬੈਠੀ ਸੰਗਤ ਦੀ ਯਕਸੂਈ ਯਾ ਇਕਾਗਰਤਾ ਟੁੱਟ ਜਾਂਦੀ ਹੈ। ਸੋ ਸਿਆਣੇ (Guts ਵਾਲੇ) ਕਲਾਕਾਰ ਜਥੇਦਾਰ ਰਾਗੀ ਨੂੰ ਚਾਹੀਦਾ ਹੈ ਕਿ ਉਹ ਖ਼ੁਦ ਬੇਨਤੀ ਕਰਕੇ ਕੋਈ ਛੋਟਾ ਮੁਤਬਾਦਲ ਰਾਹ ਗੁਰੂ ਮਹਾਰਾਜ ਦੀ ਹਜ਼ੂਰੀ ਤੱਕ ਪਹੁੰਚਣ ਲਈ ਬਣਵਾ ਲਿਆ ਕਰੇ।

12. ਤੰਤੀ ਸਾਜ਼ ਬੀਤੇ ਕਈ ਦਹਾਕਿਆਂ ਤੋਂ ਅਲੋਪ ਹੀ ਰਹੇ ਹਨ। ਸਮੇਂ ਦੇ ਪ੍ਰਬੰਧਕਾਂ ਭੀ ਇਸ ਪਾਸੇ ਖ਼ਾਸ ਧਿਆਨ ਨਹੀਂ ਦਿੱਤਾ ਅੱਜ ਦੇ ਨੌਜਵਾਨ ਕੀਰਤਨ ਕਾਰਾਂ ਨੂੰ ਅੱਜ ਤੋਂ ਹੀ ਇਸ ਪਾਸੇ ਧਿਅ: ਨ ਦੇਣ ਦੀ ਲੋੜ ਹੈ। ਅਤੇ ਦਿਲੀ-ਰੁਚੀ ਲੈਣੀ ਚਾਹੀਦੀ ਹੈ। ਸੋ ਜੋ ਅੱਜ ਦਾ ਵਿਦਿਆਰਥੀ ਹੈ ਇਨਸ਼ਾ ਅੱਲਾ ਕਲ੍ਹ ਦਾ ਉਹੀ ਉਸਤਾਦ ਬਣਕੇ ਮਾਡੀਆਂ ਨਵੀਆਂ ਪੀੜੀਆਂ ਦੇ ਸਾਹਮਣੇ ਗੌਰਵਤਾ ਨਾਲ ਪੇਸ਼ ਹੋਵੇਗਾ।

13. ਦਾਸ ਦੀ ਅਖ਼ੀਰ ਤੇ ਇਕ ਨਿਮਰਤਾ ਸਹਿਤ ਪ੍ਰਾਰਥਨਾ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਪ੍ਰਤੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਅੰਦਰ ਇੱਕ super/classical/supervisior ਜ਼ਰੂਰ ਪੱਕੇ ਤੌਰ ਤੇ ਹੋਣਾ ਚਾਹੀਦਾ ਹੈ। ਜੋ ਕਿ ਨਵੇਂ ਕੀਰਤਨੀ ਸੱਜਣਾਂ ਨੂੰ Guidence ਦਿੰਦਾ ਰਹੇ। ਹੋ ਸਕੇ ਤਾਂ ਸ੍ਰੀ ਹਰਿਮੰਦ੍ਰ ਸਾਹਿਬ ਅੰਦਰ ਸੋਦਰ ਦੀ ਚੋਕੀ ਅਤੇ ਰਾਤ੍ਰ end ਤੇ ਸਮਾਪਤੀ ਸਮੇਂ ਦੀ ਤਕਰੀਬਨ ਚਲੀ ਮਿੱਟੀ ਚੌਂਕੀ ਤ੍ਰਾਂ ਸਮੇਂ ਦੇ ਕਿਸੇ ਉਘੇ, ਯੋਗ ਕੀਰਤਨਕਾਰ ਤੋਂ ਕਰਵਾਣੀ ਚਾਹੀਦੀ ਹੈ। ਸਹੀ ਈਮਾਨਦਾਰੀ ਦੀ ਗੱਲ ਤਾਂ ਇਹ ਹੈ ਕਿ ਕਿਸੇ ਭੀ ਮਸਲੇ ਯਾ subject ਵਿੱਚ Expert ਹੋਣ ਲਈ ਕਾਫ਼ੀ ਮੇਹਨਤ, ਘਾਲ਼, ਲਗਨ ਕੋਸ਼ਿਸ਼ ਅਤੇ ਰਿਆਜ਼ ਤੇ ਕੁਰਬਾਨੀ ਦੀ ਲੋੜ ਹੁੰਦੀ ਹੈ। ਇਸ ਤੋਂ ਬਗੈਰ Purpose ਹੱਲ ਨਹੀਂ ਹੁੰਦਾ।

ਫਿਰ ਇੱਕ ਸਕੂਲ ਯਾ ਮਿਆਰੀ (ਸ਼ਬਦ-ਕੀਰਤਨਕਾਰ) ਧਾਰਮਿਕ ਵਕਤੇ ਦੀ ਪੁਜ਼ੀਸ਼ਨ ਤਾਂ ਬਾਹੈਸੀਅਤ ਇੱਕ ਇਮਾਮ ਯਾਨੀ ਪੇਸ਼ਵਾ ਯਾ ਰਹਨੁਮਾ ਬੜੀ ਉਚੇਰੀ ਪਦਵੀ ਦੀ ਹੁੰਦੀ ਹੈ। ਸਰੋਤੇ ਯਾ ਜਨ ਸਧਾਰਨ ਤਾਂ ਮਹਿਜ਼ ਹਿਦਾਇਤਾਂ ਅਤੇ ਸੇਧ ਲੈਣ ਦੀ ਹੈਸੀਅਤ ਵਿੱਚ ਨਿਰੇ ਨਿਮਾਜ਼ੀ ਹੀ ਹੁੰਦੇ ਹਨ। ਹਾਂ ਇੱਥੇ ਲਫ਼ਜ਼ ਇਮਾਮ ਨੇ ਦਾਸ

ਦੀ ਇੱਕ ਬਹੁਤ ਪੁਰਾਣੀ ਯਾਦ ਤਾਜ਼ਾ ਕਰ ਦਿੱਤੀ। ਲਗਭਗ ਸੰਨ ੧੯੪੩-੪੪ ਦੀ ਗੱਲ ਹੈ ਕਿ ਇੱਕ ਵਾਰ ਐਵੇਂ ਪ੍ਰੇਮ ਪਿਆਰ ਦੇ ਜਜ਼ਬੇ ਦੇ ਤਹਿਤ ਭਾਈ ਚਾਂਦ ਜੀ ਮਹਿਰੂਮ ਦਾਸ ਨਾਲ ਸੰਤ ਸਵਾਮੀ ਨਿਰਮਲ ਜੀ ਨੂੰ ਮਿਲਣ ਆਏ ਤਾਂ ਅਦਬ ਆਦਾਬ ਦੇ ਤੌਰ ਤੇ ਭਾਈ ਸਾਹਿਬ ਜੀ ਨੇ ਥੋੜ੍ਹਾ ਝੁਕਦੇ ਉਪਰੋਕਤ ਸਵਾਮੀ ਜੀ ਨੂੰ ਨਮਸਕਾਰ ਕੀਤੀ ਤਾਂ ਅੱਗੋਂ ਸਵਾਮੀ ਜੀ ਮੁਸਕਰਾ ਕੇ ਬੋਲੇ 'ਨਾਂ ਭਾਈ ਚਾਂਦ ਜੀ, ਐਸਾ ਰਾਤ ਕੀਆ ਕੀਜੀਏ। ਆਪ ਤੋਂ ਹਮਾਰੇ ਮੁਅਜ਼ਿਜ ਇਮਾਮ ਹੋ। ਹਮ ਲੋਗ ਤੋ ਸਭੀ ਆਪ ਕੇ ਨਿਮਾਜ਼ੀ ਹੈ।' ਫੇਰ ਥੋੜ੍ਹਾ ਮੁਸਕਰਾ ਕੇ ਬੋਲੇ ਕਿ 'ਤਰਲੋਕ ਜੀ, ਭਾਈ ਸਾਹਿਬ ਕੋ ਥੋੜ੍ਹਾ ਹਮਾਰੀ ਤਰਫ ਸੇ ਸਮਝਾਣਾ, ਬਾਅਦ ਮੇ।। ਸਵਾਮੀ ਨਿਰਮਲ ਜੀ ਬਹੁਤ ਹਲੀਮ- ਤਬਾ ਸ਼ਖਸੀਅਤ ਸਨ ਤੇ ਉੱਚ ਕੋਟੀ ਦੇ ਵੇਦਾਂਤਾ ਚਾਰਯਾ ਭੀ । ਆਪ ਜੀ ਅਰਫ਼ਾਨਾ ਕਲਾਮ ਦੀ ਉਰਦੂ ਫਾਰਸੀ ਦੀ ਇੱਕ ਵਧੀਆ ਸ਼ੇਅਰੋ-ਸ਼ਾਇਰੀ ਦੇ ਮੁੱਜਸਮਾ ਸਨ। ਇਸ ਗੱਲ ਨੂੰ ਸ੍ਰੀ ਅਮ੍ਰਿਤਸਰ ਦੇ ਪੁਰਾਤਨ ਵਾਸੀ ਹਜ਼ਾਰਾਂ ਦੀ ਤਾਦਾਦ ਵਿੱਚ ਬਾਖੂਬੀ ਜਾਣਦੇ ਸਨ। ਖ਼ਾਸ ਗੱਲ ਇਹ ਭੀ ਹੈ ਕਿ ਸਵਾਮੀ ਜੀ ਬਹੁਤ ਇਲਮ-ਦੋਸਤ ਤਬਾ ਦੇ ਮਾਲਿਕ ਸਨ। ਆਪ ਜੀ ਨੇ ਯਾਨੀ ਕਿ ਨਿਰਮਲ ਜੀ ਨੇ ਕਈ ਇੱਕ ਕਿਤਾਬਾਂ ਵੀ ਲਿਖੀਆਂ ਹਨ। ਹੁਣ ਭੀ ਉਹਨਾਂ ਦੇ ਬਣਾਏ ਟ੍ਰਸਟ ਵੱਲੋਂ ਕਿਤਾਬਾਂ ਮਾਰਕੀਟ ਵਿੱਚ ਮੁਯੱਸਰ ਹਨ।

ਵਾਜ਼ਿਹ ਰਹੇ ਕਿ ਆਪ ਜੀ ਸੰਨ ੧੯੭੧ ਵਿੱਚ ਪ੍ਰਭੂ ਨੂੰ ਪਿਆਰੇ ਹੋ ਗਏ ਸਨ। ਇਸ ਸਚਾਈ ਤੋਂ ਇਨਕਾਰ ਨਹੀਂ ਕਿ ਇਲਮ-ਦੋਸਤ ਸ਼ਖ਼ਸ਼ ਤਰੱਕੀ ਦੀਆਂ ਮੰਜਿਲਾਂ ਮੁਕਾਬਲਤਨ ਜਲਦੀ ਪਾਰ ਕਰ ਜਾਂਦਾ ਹੈ। ਭਾਂਵੇ ਇਹ ਸੰਸਾਰਕ ਹੋਣ ਯਾ ਅਧਿਆਤਮਕ।

ਦਾਨਿਸ਼ਵਰਾਂ ਕੁਝ ਠੀਕ ਹੀ ਆਖਿਆ ਹੈ-

ਇਲਮ ਕੇ ਬੈਹਰ (ਸਮੁੰਦਰ) ਮੇਂ ਜੋ ਭੀ ਨਹਾਯਾ ਹੈ, ਜ਼ਿੰਦਗੀ ਕਾ ਲੁਤਫ਼ ਫਿਰ ਉਸੀ ਕੋ ਆਯਾ ਹੈ। ਦੂਜੇ ਪਾਸੇ ਸਾਂਈ ਬੁੱਲੇ ਸ਼ਾਹ ਦਾ ਕੌਲ ਹੈ ਕਿ-

'ਇਲਮੋ ਬੱਸ ਕਰੀਂ ਉਇ ਯਾਰ'

ਸੋ ਇਲਮ ਦੇ ਸਮੁੰਦਰ ਚੋਂ ਨਹਾ ਕੇ ਬਾਹਰ ਨਿਕਲ ਆਉਣਾ ਹੀ ਚੰਗਾ ਹੈ। ਸਮੁੰਦਰ ਵਿੱਚ ਡੁਬਣਾ ਨਹੀਂ।

ਇਸ ਉਪਰੋਕਤ ਸਾਰੀ ਤਹਿਰੀਰ ਦਾ ਲੁਬੇ-ਲੁਬਾਬ ਇਹ ਹੈ ਕਿ ਸਾਡੇ ਨੌਜਵਾਨ ਕੀਰਤਨਕਾਰਾਂ ਨੂੰ ਖ਼ਾਸ ਕਰ ਇਲਮ ਦੋਸਤ ਤਬਾ ਹੋਣਾ ਚਾਹੀਦਾ ਹੈ। ਸੋ ਇੰਜ

ਪਿੱਛੋਂ ਗੁਰਬਾਣੀ ਦਾ ਵਸੀਹ ਇਲਮ ਹਾਸਿਲ ਕਰਦੇ ਰਹਿਣ ਅਤੇ ਅਗੋਂ ਸਾਡੇ ਸਰੋਤੇ ਲੋਕਾਂ ਨੂੰ ਖੁੱਲੇ ਗੱਫੇ ਅਧਿਆਤਮਕ ਸੇਧ ਦੇ ਵੰਡਦੇ ਰਹਿਣ। ਦੂਜੇ ਪਾਸੇ ਸੰਗੀਤ ਯਾ ਮੋਸੀਕੀ ਦੀ ਕਦਰ ਕਰਦੇ ਹੋਇ ਉਸ ਵਿੱਚ ਭੀ ਕੋਈ ਖਾਸ ਮਿਆਰ ਪੱਧਰ ਹਾਸਲ ਕਰਨ। ਅਤੇ ਇੰਜ ਸਰੋਤਿਆਂ ਦੇ ਸਰੂਰ ਅਤੇ ਇਕਾਗਰਤਾ ਦਾ ਸਾਧਨ ਬਣੇ ਰਹਿਣ।

ਜੋ ਉਪਰ ਲਿਖੇ ਕੁਝ ਸੁਝਾਓ ਕੀਰਤਨਕਾਰੀ ਦੇ ਸੰਬੰਧ ਵਿੱਚ ਦਾਸ ਨੇ ਪੇਸ਼ ਕੀਤੇ ਹਨ ਇਹ ਜ਼ਰੂਰੀ ਨਹੀਂ ਕਿ ਇਹਨਾਂ ਦੀ ਸਾਰੇ ਮੌਜੂਦਾ ਰਾਗੀ ਸੱਜਣਾਂ ਨੂੰ ਅੱਜ ਤੋਂ ਹੁਣ ਲੋੜ ਹੈ। ਕਿਉਂਕਿ ਅੱਗੇ ਹੀ ਕਈ ਇੱਕ ਰਾਗੀ ਜੱਥੇ ਬੜੇ ਸੁਚੱਜੇ ਢੰਗ ਨਾਲ ਪ੍ਰਭਾਵਸ਼ਾਲੀ ਕੰਮ ਨਿਭਾ ਰਹੇ ਹਨ। ਜਿਨ੍ਹਾਂ ਲਈ ਕਿ ਉਹ ਵਧਾਈ ਦੇ ਪਾਤਰ ਹਨ। ਯਾ ਮੁਬਾਰਕਬਾਦ ਦੇ ਮੁਸਤਹਿਕ ਹਨ। ਪਰ ਇਕ ਮੁਜ਼ਾਰਿਸ਼ ਯਾ ਅਰਜ਼ੋਈ ਜ਼ਰੂਰ ਹੈ ਕਿ ਖਾਸ ਅਜਿਹੇ ਅੱਜ ਦੇ ਚੋਣਵੇਂ ਕੀਰਤਨ- ਕਾਰ ਬਖੁਸ਼ੀ -ਖੁਦ (Pleasure/feel) ਕਰਦੇ ਹੋਇ ਸ੍ਰੀ ਹਰਿਮੰਦਰ ਸਾਹਿਬ ਅਮ੍ਰਿਤਸਰ ਸੇਵਾ ਦਾ ਸੁਭਾਗ ਪ੍ਰਾਪਤ ਕਰਨ ਤਾ ਕਿ ਬਹੁਤੀ ਸੰਗਤ ਅਤੇ ਸਰੋਤੇ ਸੱਜਣ ਇੰਜ ਵੱਧ ਤੋਂ ਵੱਧ ਸ਼ਬਦ-ਕੀਰਤਨ ਲਾਭ ਲੈ ਸਕਣ ਅਤੇ ਰਸ ਮਾਣ ਸਕਣ ਵ ਆਪਣਾ ਪ੍ਰਾਮਰਥ ਸੰਵਾਰ ਸਕਣ

ਇਹ ਵਿਚਾਰ ਕਈ ਇੱਕ ਨਵੇਂ ਰਾਗੀ ਸੱਜਣਾਂ ਵੱਲੋਂ ਅਕਸਰ ਪੇਸ਼ ਕੀਤਾ ਜਾਂਦਾ ਹੈ ਕਿ "ਜੀ ਸਰੋਤੇ ਸੱਜਣ ਰਾਗਾਤਮਕ ਢੰਗ ਦੀ ਸ਼ਬਦ ਗਾਇਕੀ ਪਸੰਦ ਨਹੀਂ ਕਰਦੇ।" ਇਹ ਗਲਤ ਹੈ = ਬਲਕਿ ਸਚਾਈ ਤਾਂ ਇਹ ਹੈ ਕਿ "ਰਾਗਾਤਮਕ ਢੰਗ ਦੀ ਸੁਚੱਜੇ ਕਲਾਕਾਰਾਂ ਰਾਹੀ ਸ਼ਬਦ ਗਾਇਕੀ ਅੱਜ ਭੀ ਸ੍ਰੋਤਿਆਂ ਨੂੰ ਅਵੇਸ਼ਨ ਹਾਲਤ ਵਿੱਚ ਲੈ ਜਾਣ ਨੂੰ ਸਮਰ੍ਥ ਹੈ। ਤੇ ਇਸ ਦੌਰ ਵਿੱਚ ਭੀ ਸ੍ਰੋਤੇ ਕੀਲੇ ਜਾ ਸਕਦੇ ਹਨ। ਖੁਸ਼ੀ ਵਿਚ ਆਉਂਦੇ ਹੋਇ ਇਕਾਗਰਤਾ ਵਿੱਚ ਲੀਨ ਹੋਕੇ ਅੰਤਰਮੁਖ ਬ੍ਰਿਤੀ ਵੱਲ ਮੁੜ ਸਕਦੇ ਹਨ। this is without prejudice.

ਦਾਸ ਅਗਲੇ ਲੇਖ ਵਿੱਚ ਅਜਿਹੇ ਹੋਣਹਾਰ ਸੁਚੱਜੇ ਕੀਰਤਨਕਾਰਾਂ ਦਾ ਵੀ ਕੁਝ ਰੱਬ ਚਾਹੇ ਜ਼ਿਕਰ ਕਰੇਗਾ: ਸੰਗਤ ਉਹਨਾਂ ਤੋਂ ਉਹਨਾਂ ਦੀ ਕਾਰਗੁਜਾਰੀ ਦੇ ਸਦਕੇ ਅਵੱਸ਼ ਹੀ ਇਨਸ਼ਾ ਅੱਲਾ ਪ੍ਰਭਾਵਤ ਹੋਵੇਗੀ। ਅਤੇ ਬੇਅਖ਼ਤਿਆਰ ਵਾਹ-ਵਾਹ ਕਰੇਗੀ। ਪਰ ਮੁਸ਼ੱਕਿਲ ਦੀ ਗੱਲ ਇਹ ਹੈ ਕਿ ਅਜਿਹੇ ਚੋਣਵੇਂ ਜੱਥੇ ਸ੍ਰੀ ਹਰਿਮੰਦਰ ਸਾਹਿਬ ASR ਦੀ ਸੇਵਾ ਨਿਭਾਉਣ ਵਿਚ ਅਕਸਰ ਝਿਜਕ ਮਹਿਸੂਸ ਕਰਦੇ ਹਨ। ਅਤੇ ਇਸ ਕਾਰਨ ਸਰੋਤੇ ਇਹਨਾਂ ਤੋਂ ਲਾਭ ਲੈਣ ਤੋਂ ਵਾਂਝੇ ਹੀ ਰਹਿ ਜਾਂਦੇ ਹਨ।

ਬਾਕੀ ਫੇਰ ਰੱਬ ਰਾਖਾ।

-------

## ਅੰਮ੍ਰਿਤ ਕੀਰਤਨ ਲਈ ਸ਼ੁਭ ਇਛਾਵਾਂ 'ਵਲੋਂ'

* ਇੰਦਰ ਐਂਟਰਪ੍ਰਾਈਜ਼ਜ਼, ਬੀ. 29,
ਇੰਡਸਟਰੀਅਲ ਏਰੀਆ (ਨੇੜੇ ਰਨਬੈਕਸੀ) ਐਸ.ਏ.ਐਸ ਨਗਰ
* H. S. Makkar, Manager Punjab & Sind Bank
41, Rani Jhansi Road, Motia Khan, New Delhi.
* ਸ. ਲਲਜੀਤ ਸਿੰਘ 1100 ਸੈਕਟਰ-7 ਪੰਚਕੂਲਾ-134109
* Lt. Col. Gurdev Singh, 1613 Sector 18 D, Chandigarh
* Dr. Rajinder Singh, 12 Ring Road South Ext. Part I, New Delhi
* S. Jasjit Singh, E-29 Panchshila Park, New Delhi-11001
* S. S. Aulakh, 537 Sector 10 A, Chandigarh
* ਡਾ. ਸੁਲਤਾਨਾ ਅਵਤਾਰ ਸਿੰਘ ਐਚ. ਐਮ. 355 ਫੇਜ਼-9 ਮੁਹਾਲੀ
* ਮੇਜਰ ਮਹਿੰਦਰ ਸਿੰਘ ਢਿਲੋਂ 1437 ਸੈਕਟਰ 42 ਬੀ ਚੰਡੀਗੜ
* ਡਾ. ਬਲਬੀਰ ਸਿੰਘ ਵਾਸੂ ਐਡਵੋਕੇਟ 1119 ਸੈਕਟਰ 8 ਸੀ ਚੰਡੀਗੜ੍ਹ
* ਐਚ. ਐਸ. ਗਿੱਲ 1028 ਸੈਕਟਰ 43 ਬੀ ਚੰਡੀਗੜ੍ਹ
* ਸ੍ਰ. ਭਗਵਾਨ ਸਿੰਘ 2210 ਫੇਜ਼-7 ਮੁਹਾਲੀ
* Cine Trading Corp., 50/12 Ramgali, Ludhiana Phone 32242
* ਸ੍ਰ. ਤੀਰਥ ਸਿੰਘ 4, ਗੁਰੂ ਗੋਬਿੰਦ ਸਿੰਘ ਮਾਰਕੀਟ
ਗਰਾਂਟ ਰੋਡ ਸਹਾਰਨਪੁਰ (ਯੂ. ਪੀ.)
* ਪਾਲ ਇਲੈਕਟ੍ਰਿਕ ਕੰਪਨੀ ਐਸ. ਸੀ. ਐਫ 1 ਸੈਕਟਰ 18 ਸੀ ਚੰਡੀਗੜ੍ਹ
* G. S. Chawla, Koth. 34 Sector 27 A, Chandigarh Ph. 41617, 21819
* Manmohan Singh MGM Paints & Hardware, SCF 48 Phase 3b2
Opp. Rose Garden, SAS Nagar. Ph. 571243, 573739.
* ਭਾਈ ਰਾਮਲਾਲ ਕਰਤਾਰ ਸਿੰਘ, Fruit & Vegetables C.A. Chandigarh.

# ਤੁਹਾਡੇ ਪੱਤਰ

ਜਨਵਰੀ ਅੰਕ ਵਿੱਚ ਰਾਗਾਂ ਤੇ ਅਧਾਰਤ ਸ਼ਬਦਾਂ ਦੀਆ ਨੋਟੇਸ਼ਨਾਂ ਪਸੰਦ ਆਈਆਂ। ਫਰਵਰੀ ਅੰਕ ਵਿੱਚ ਭਾਈ ਸੰਤਾ ਸਿੰਘ ਚਮਕ ਦਾ ਜੀਵਨ ਰਾਗੀਆਂ ਨੂੰ ਆਪਣਾ ਆਦਰਸ਼ ਬਣਾਉਣ ਚਾਹੀਦਾ ਹੈ। ਕੈਸਟ ਰੀਵੀਊ ਪੁਸਤਕ ਰੀਵੀਊ ਅਤੇ ਬਲਬੀਰ ਸਿੰਘ ਕੰਵਲ ਹੋਰਾਂ ਦੇ ਲੇਖ ਸ਼ਲਾਘਾ ਯੋਗ ਹਨ।

ਮੰਗਤ ਸਿੰਘ ਮਸਤਾਨਾ*

*ਮਿਊਜ਼ਿਕ ਮਾਸਟਰ, ਗੁਰਦੁਆਰਾ ਗੁਰੂ ਨਾਨਕ ਦੇਵ ਜੀ, ਮੰਡੀ ਹਰਜੀ ਰਾਮ, ਮਲੋਟ ਮੰਡੀ (ਜ਼ਿਲਾ ਫਰੀਦਕੋਟ)

oooooooo

ਅੰਮ੍ਰਿਤ ਕੀਰਤਨ ਪੰਜਾਬੀ ਭਾਸ਼ਾ ਵਿੱਚ ਇਕੋ ਇੱਕ ਅਜਿਹਾ ਪਰਚਾ ਹੈ ਜਿਸ ਵਿੱਚ ਸੰਗੀਤ ਬਾਰੇ ਅਤੇ ਵਿਸ਼ੇਸ਼ ਕਰਕੇ ਗੁਰਬਾਣੀ ਸੰਗੀਤ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਸਮੇਂ ਸਮੇਂ ਉਤੇ ਪੰਜਾਬ ਦੇ ਪ੍ਰਸਿਧ ਰਾਗੀ ਸਿੰਘਾਂ ਤੇ ਸੰਗੀਤਕਾਰਾਂ ਬਾਰੇ ਜੋ ਲੇਖ ਇਸ ਪਰਚੇ ਵਿੱਚ ਛਪਦੇ ਰਹੇ ਹਨ ਉਹਨਾਂ ਤੋਂ ਬੜੀ ਵਾਕਫੀਅਤ ਹਾਸਲ ਹੋਈ ਹੈ। ਨਵੇਂ ਸਾਲ ਤੋਂ ਇਸ ਪਰਚੇ ਨੂੰ ਹੋਰ ਵੀ ਸੰਵਾਰਿਆ ਤੇ ਸ਼ਿੰਗਾਰਿਆ ਗਿਆ ਹੈ। ਇਸ ਦੀ ਦਿੱਖ ਅਗੇ ਨਾਲੋਂ ਵਧੇਰੇ ਖਿੱਚ ਭਰਪੂਰ ਤੇ ਪ੍ਰਿੰਟਿੰਗ ਵਧੀਆ ਹੋ ਗਈ ਹੈ। ਇਸ ਲਈ ਅਦਾਰਾ ਅੰਮ੍ਰਿਤ ਕੀਰਤਨ ਮੁਬਾਰਕ ਬਾਦ ਦਾ ਹਕਦਾਰ ਹੈ।

ਮਾਰਚ ਦੇ ਮਹੀਨੇ ਵਾਲੇ ਪਰਚੇ ਵਿੱਚ ਪੁਰਾਣੇ ਸਾਜ਼ ਤਾਊਸ ਬਾਰੇ ਜੋ ਜਾਣਕਾਰੀ ਦਿੱਤੀ ਹੈ ਉਹ ਭਾਵੇਂ ਸੰਖੇਪ ਹੈ ਪਰ ਇਸ ਦੀ ਅਹਿਮੀਅਤ ਵਧੇਰੇ ਹੈ। ਹਰ ਮਹੀਨੇ ਇਸੇ ਤਰ੍ਹਾਂ ਵੱਖ ਵੱਖ ਸਾਜ਼ਾਂ ਬਾਰੇ ਜਾਣਕਾਰੀ ਦੇਣ ਨਾਲ ਇਸ ਪਰਚੇ ਦੀ ਅਹਿਮੀਅਤ ਹੋਰ ਵਧੇਗੀ। ਜਿਵੇਂ ਅਲਾਪ ਅਤੇ ਤਾਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸੰਗੀਤ ਪਰਿਭਾਸ਼ਿਕ ਸ਼ਬਦਾਂ ਦੀ ਵਿਆਖਿਆ ਜਾਰੀ ਰਖਣੀ ਚਾਹੀਦੀ ਹੈ।

ਪ੍ਰੋ. ਗੁਰਮੁਖ ਸਿੰਘ ਸਹਿਗਲ**

# ਭਾਈ ਮੋਤੀ

ਬਲਬੀਰ ਸਿੰਘ ਕੰਵਲ

ਭਾਈ ਮੋਤੀ ਵਰਗਾ ਸ਼ਬਦ ਕੀਰਤਨ ਵੀ ਹੁਣ ਕੌਣ ਕਰਿਆ ਕਰੇਗਾ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸ਼ਾਮ ਦੇ ਚਾਰ ਵਜੇ ਤੋਂ ਲੈ ਕੇ ਰਾਤ ਦੇ ਗਿਆਰਾਂ ਵਜੇ ਤੱਕ ਸ਼ਬਦ ਕੀਰਤਨ ਹੁੰਦਾ। ਭਾਈ ਮੋਤੀ ਨੂੰ ਸੁਣਨ ਖਾਤਰ ਸਰੋਤੇ ਬੜੀ ਉਤਸਕਤਾ ਨਾਲ ਤਿੰਨ ਕੁ ਵਜੇ ਆ ਕੇ ਹੀ ਉਡੀਕਾਂ ਕਰਨ ਲੱਗ ਪੈਂਦੇ। ਘੜੀਆਂ ਦੀਆਂ ਸੂਈਆਂ ਕਿਧਰੇ ਮਸਾਂ ਚਾਰ ਵਜਾਉਂਦੀਆਂ ਅਤੇ ਉਧਰੋਂ ਮੋਤੀ ਹੋਰੀਂ ਵੀ ਬੈਠ ਜਾਂਦੇ। ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਵਜਦ ਦੇ ਨਸ਼ਿਆਂ ਦਾ ਘੁੱਟ ਵਰਤਦਾ। ਮੋਤੀ ਹੋਰਾਂ ਦਾ ਵਕਤ ਖਤਮ ਹੋ ਜਾਂਦਾ ਅਤੇ ਉਹ ਬਾਹਰ ਵਲ ਨੂੰ ਰੁਖ ਕਰਦੇ ਪਰ ਦਰਵਾਜ਼ਾ ਮਹਾਂ ਸਿੰਘ ਦੇ ਬਾਹਰ ਹਰੇ ਹਰੇ ਘਾਹ ਦੀਆਂ ਮਖਮਲੀ ਦਰੀਆਂ ਤੇ ਬੈਠੇ ਸ਼ਹਿਰ ਦੇ ਕੁਝ ਮਨਚਲੇ ਉਹਨਾਂ ਨੂੰ ਘੇਰ ਲੈਂਦੇ, ''ਨਾ ਜੀ ਨਾ। ਹੁਣ ਕੁਝ ਸਾਨੂੰ ਵੀ ਤਾਂ ਸੁਣ ਕੇ ਜਾਵੋ ਨਾ।''

ਗਾਉਣੇ ਦਾ ਇਕ ਦਮ ਰੰਗ ਬਦਲਦਾ ਅਤੇ ਮੋਤੀ ਹੋਰੀਂ ਉਨ੍ਹਾਂ ਨੂੰ ਨਿਹਾਲ ਕਰਨ ਲਈ ਉਥੇ ਫਿਰ ਇਹੋ ਜਿਹੀਆਂ ਚੀਜ਼ਾਂ ਸੁੱਟਦੇ, ''ਨਾ ਤੜਪ ਫਿਰਾਕ ਬੁੱਤ ਮੇਂ, ਦਿਲਿ ਬੇਕਰਾਰ ਸੋ ਜਾ।'' ਬਸ ਫਿਰ ਇਹ ਸਿਲਸਿਲਾ ਕਈ ਵੇਰ ਤੜਕਸਾਰ ਤੱਕ ਵੀ ਚਲਦਾ। ਕਿਸ ਵਿਚ ਜਾਨ ਰਹਿੰਦੀ ਕਿ ਉਥੋਂ ਕੋਈ ਭੋਰਾ ਭਰ ਵੀ ਹਿੱਲ ਜਾਵੇ। ਸੱਭ ਸਰੋਤੇ ਬੇਹਿੱਸ ਜਿਹੇ ਹੋ ਗਏ ਜਾਪਦੇ।

ਉਸਦਾ ਸੰਬੰਧ, ਅੰਮ੍ਰਿਤਸਰ ਦੇ ਰਬਾਬੀਆਂ ਨਾਲ ਸੀ। ਦੱਸਿਆ ਜਾਂਦਾ ਹੈ ਕਿ ਉਹ ਆਪਣਾ ਕੋਈ ਸਾਨੀ ਨਹੀਂ ਸੀ ਰੱਖਦਾ। ਲੱਗ ਭਗ 1910 ਤੋਂ ਲੈ ਕੇ 1930 ਤੱਕ, ਉਹ ਸ੍ਰੀ ਦਰਬਾਰ ਸਾਹਿਬ ਵਿਖੇ ਹਜ਼ੂਰੀ ਰਾਗੀ ਦੇ ਪਦ ਤੇ ਰਿਹਾ। ਐਨੇ ਲੰਮੇ ਅਰਸੇ ਲਈ ਗੁਰੂ ਘਰ ਦੀ ਸੇਵਾ ਸ਼ਾਇਦ ਹੀ ਕਿਸੇ ਹੋਰ ਰਬਾਬੀ ਨੇ ਕੀਤੀ ਹੋਵੇ। ਦੱਸਿਆ ਜਾਂਦਾ ਹੈ ਕਿ ਉਹ ਸਾਧਾਰਨ ਮਹਿਫਲਾਂ ਵਿਚ ਗਾਉਣ ਨਹੀਂ ਸੀ ਜਾਂਦਾ ਹੁੰਦਾ ਅਤੇ ਉਸ ਭਲੇ ਸਮੇਂ ਵਿਚ ਉਸਦੀ ਫੀਸ ਪ੍ਰਤੀ ਬੈਠਕ ਇਕ ਸੌ ਰੁਪਿਆ ਹੁੰਦੀ ਸੀ।

ਇਹ ਰਬਾਬੀ, ਸ਼ੁਧ ਕੀਰਤਨ ਤੋਂ ਲੈ ਕੇ ਖਿਆਲ ਗਾਇਕੀ ਤੱਕ, ਹਰ ਤਰਾਂ ਦੀ ਰੰਗ ਬਰੰਗੀ ਮਹਿਫਲ ਵੀ ਭੁਗਤਾ ਲੈਂਦਾ ਅਤੇ ਹਰ ਇਕ ਨੂੰ ਪਾਗਲ ਬਣਾ ਕੇ ਛੱਡਦਾ। ਭਾਵੇਂ ਉਹ ਉਸਤਾਦ ਅੱਲਾ ਦੀਆ ਖਾਂ ਮਿਹਰਬਾਨ ਦਾ ਸ਼ਾਗਰਿਦ ਸੀ, ਪਰ ਉਸਦੇ ਗਾਇਨ ਖਾਸ ਕਰਕੇ ਖਿਆਲ ਗਾਇਕੀ ਵਿਚ, ਉਸਤਾਦ ਮੀਆਂ ਜਾਨ ਖਾਂ, ਕਾਲੇ ਖਾਂ ਅਤੇ ਭਾਈ ਰੂੜੇ ਦਾ ਅਸਰ ਪ੍ਰੱਤਖ ਸੀ। ਢੇਰ ਕਰਕੇ ਉਹ ਰਬਾਬ ਨਾਲ ਕੀਰਤਨ ਕਰਦਾ ਸੀ।

ਇਸ ਕਲਾਕਾਰ ਬਾਰੇ ਕਈ ਤਰ੍ਹਾਂ ਦੀਆਂ ਕਈ ਦਿਲਚਸਪ ਗੱਲਾਂ ਪ੍ਰਚੱਲਤ ਹਨ। ਦੱਸਿਆ ਜਾਂਦਾ ਹੈ ਕਿ ਇਕ ਵੇਰ ਇਹ ਕਲਾਕਾਰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਭਜਨਗੜ੍ਹ ਵਿਖੇ ਗਾਉਣ ਚਲੇ ਗਿਆ। ਕਰਨੀ ਰੱਬ ਦੀ ਉਸ ਦਾ ਜੀਅ ਮੁਰਗਾ ਖਾਣ ਨੂੰ ਕੀਤਾ। ਉਸ ਨੇ ਇੱਕ ਕੁਕੜ ਮੰਗਵਾਇਆ ਅਤੇ ਜ਼ਿਭਾ ਕਰਕੇ, ਭੁੰਨ ਕੇ ਖਾ ਲਿਆ। ਓਥੋਂ ਦੇ ਗੁਰਦਵਾਰੇ ਹਰਨਾਮ ਸਿੰਘ ਚਵਿੰਡੇ ਵਾਲਾ ਵੀ ਲੈਕਚਰ ਕਰਨ ਜਾਂਦਾ ਹੁੰਦਾ ਸੀ। ਜਦੋਂ ਇਹ ਦੋਵੇਂ ਗੁਣੀ ਇੱਕਠੇ ਹੋ ਜਾਂਦੇ ਤਾਂ ਭਾਈ ਮੋਤੀ ਨੂੰ ਲੋਕੀਂ ਮਧੁਰ ਸ਼ਬਦ ਗਾਉਣ ਕਾਰਨ ਵਧੇਰੇ ਪੈਸੇ ਦੇ ਦਿੰਦੇ ਸਨ ਅਤੇ ਚਵਿੰਡੀਏ ਨੂੰ ਕਈ ਵੇਰ ਥੋੜੇ ਜਿਹੇ ਘੱਟ ਹੀ ਮਿਲਦੇ। ਇਸ ਕਾਰਨ ਵਿਚੋਂ ਵਿਚ ਚਵਿੰਡੀਆ ਉਸ ਨਾਲ ਥੋੜ੍ਹਾ ਬਹੁਤ ਲਗਦਾ ਵੀ ਸੀ। ਸੋ ਉਸ ਨੂੰ ਨੀਵਾਂ ਵਿਖਾਉਣ ਲਈ ਉਸ ਨੇ ਇਕ ਸਕੀਮ ਸੋਚੀ : ਉਸ ਨੇ ਮਾਰੇ ਹੋਏ ਮੁਰਗੇ ਦੇ ਖੰਭ ਇੱਕਠੇ ਕੀਤੇ ਅਤੇ ਉਹ ਖੰਭ ਸੰਤਾਂ ਦੇ ਅੱਗੇ ਰਖ ਕੇ ਕਿਹਾ, ''ਲਓ ਮਹਾਰਾਜ ਤੁਸੀਂ ਹਰ ਵੇਲੇ ਮੋਤੀ ਮੋਤੀ ਲਾਈ ਰੱਖਦੇ ਹੋ, ਇਹ ਵੇਖ ਲਓ ਉਸ ਦਾ ਕਾਰਾ। ਜਦ ਕਿ ਇਸ ਦਿਨ ਸਾਡੇ ਸਾਧਾਰਨ ਰੋਟੀ ਵੀ ਨਹੀਂ ਲੰਘਦੀ, ਮੋਤੀ ਹੋਰੀਂ ਇਕ ਬਿਨ ਬਾਂਗਾ ਮੁਰਗਾ ਮਰੋੜਿਆ, ਤੁੜਕਿਆ ਅਤੇ ਖਾਧਾ ਹੀ।'' ਇਹ ਗੱਲ ਸੁਣ ਕੇ ਸੰਤ ਜੀ ਗੁੱਸੇ ਨਾਲ ਲਾਲ ਪੀਲੇ ਹੋ ਗਏ ਅਤੇ ਮੋਤੀ ਨੂੰ ਬੁਰਾ ਭਲਾ ਆਖ ਕੇ ਓਥੋਂ ਨਠਾ ਦਿੱਤਾ।

ਭਰੇ ਦਰਬਾਰ ਮੋਤੀ ਨੂੰ ਬਹੁਤ ਸ਼ਰਮ ਆਈ। ਮਰਨੇ ਨੂੰ ਉਸ ਨੂੰ ਕੋਈ ਥਾਂ ਨਹੀਂ ਸੀ ਲਭਦੀ। ਉਸ ਨੇ ਚਾਰ ਕੁ ਮੀਲ ਪਰ੍ਹਾਂ ਜਾ ਕੇ ਧੁਰ ਦੀ ਬਾਣੀ ਗਾਇਨ ਕਰ ਕੇ, ਆਪਣੇ ਮਨ ਨੂੰ ਧਰਾਸ ਦੇਣੀ ਚਾਹੀ। ਉਹ ਪੂਰੇ ਵੈਰਾਗ ਵਿਚ ਸੀ। ਉਸ਼ਦਾ ਕੀਰਤਨ ਸੁਣ ਕੇ ਆਲੇ ਦੁਆਲੇ ਦੇ ਪਿੰਡਾਂ ਦੇ ਸੱਭ ਲੋਕ ਉਸ ਦੇ ਦੁਆਲੇ ਇੱਕਠੇ ਹੋਣ ਲੱਗ ਪਏ। ਸੰਤ ਬਚਨ ਸਿੰਘ ਨੇ ਆਪਣੇ ਕੁਝ ਸੇਵਾਦਾਰ ਆਲੇ ਦੁਆਲੇ ਭੇਜੇ ਕਿ ਉਹ ਵੇਖਣ ਕਿ ਕੀ ਗੱਲ ਹੈ ਅਤੇ ਮੇਲਾ ਔਗੇ ਵਾਂਗ ਕਿਉਂ ਨਹੀਂ ਭਰ ਰਿਹਾ। ਜਦ ਉਨ੍ਹਾਂ ਨੇ ਜਾ ਕੇ ਵੇਖਿਆ ਤਾਂ ਚਾਰ ਕੁ ਮੀਲ ਦੀ ਵਿੱਥ ਤੇ ਗਹਿਮਾ ਗਹਿਮ ਮੇਲਾ ਭਰਿਆ ਪਿਆ ਸੀ।

ਉਨ੍ਹਾਂ ਸੇਵਾਦਾਰਾਂ ਨੇ ਜਾ ਕੇ ਸੰਤਾਂ ਨੂੰ ਹਕੀਕਤ ਦੱਸੀ ਕਿ ਮੇਲਾ ਤਾਂ ਓਥੇ ਡੱਕਦਾ ਜਾ ਰਿਹਾ ਹੈ। ਉਨ੍ਹਾਂ ਨੇ ਮੁੜਦੇ ਪੈਰੀਂ ਸੇਵਾਦਾਰ ਫਿਰ ਭੇਜੇ ਕਿ ਉਹ ਭਾਈ ਮੋਤੀ ਨੂੰ ਆਪਣੇ ਨਾਲ ਲੈ ਆਉਣ। ''ਜਿਹੜਾ ਵੀ ਗਾਇਨ ਦੁਆਰਾ ਗੁਰੂ ਦਾ ਜਸ ਕਰਦਾ ਹੈ ਅਤੇ ਦੂਜਿਆਂ ਦੇ ਕੰਨਾਂ ਵਿਚ ਬਾਣੀ ਦਾ ਰਸ ਘੋਲਦਾ ਹੈ, ਉਹ ਹੀ ਗੁਰੂ ਦਾ ਸੱਚਾ ਪ੍ਰੇਮੀ ਹੈ,'' ਸੰਤ ਜੀ ਨੇ ਆਖਿਆ।

ਭਾਈ ਮੋਤੀ, ਆਪਣੇ ਜੱਥੇ ਸਮੇਤ, ਗੁਰੂ ਮਹਾਰਾਜ ਜੀ ਦਾ ਜਸ ਗਾਇਨ ਕਰਕੇ, ਓਸੇ ਤਰ੍ਹਾਂ ਭਜਨ ਗੜ੍ਹ ਪੁੱਜ ਗਏ। ਵੈਰਾਗ ਵਿਚ ਨਾਲੇ ਮੋਤੀ ਗਾ ਰਿਹਾ ਸੀ ਅਤੇ ਨਾਲੇ ਰੋ ਰਿਹਾ ਸੀ। ਮੇਲੇ ਦਾ ਸਾਰਾ ਲਾਣਾ ਉਸਦੇ ਪਿਛੇ ਪਿਛੇ ਤੁਰਦਾ ਆ ਰਿਹਾ ਸੀ। ਉਸ ਦ੍ਰਿਸ਼ ਨੂੰ ਤੱਕ ਕੇ ਸੰਤ ਜੀ ਅਵਸੋਂ ਬੋਲ ਉਠੇ, ''ਭਾਈ ਮੋਤੀ, ਤੂੰ ਵਾਕਈ ਹੀ ਮੋਤੀ ਏਂ-ਇਕ ਸੱਚਾ ਸੁੱਚਾ ਮੋਤੀ। ਤੇਰੇ ਜਿਹਾ ਗੁਣ ਹੋਰ ਕਿਸੇ ਕੋਲ ਵੀ ਨਹੀਂ।''

''ਨਾ ਮਹਾਰਾਜ, ਮੈਂ ਪਾਪੀ ਹਾਂ। ਹੁਣ ਸੱਚੇ ਪਾਤਸ਼ਾਹ ਜੀ ਕੋਲੋਂ ਅਤੇ ਤੁਹਾਡੇ ਪਾਸੋਂ ਪਾਪ ਬਖਸ਼ਾਉਣ ਆਇਆ ਹਾਂ। ਮੇਰਾ ਪਾਪ ਤੁਸੀਂ ਧੋ ਦੇਵੋ-ਤੁਸੀਂ ਧੋ ਸਕਦੇ ਹੋ।''

ਉਸ ਦਾ ਵਿਰਲਾਪ ਵੇਖਿਆ ਨਹੀਂ ਸੀ ਜਾਂਦਾ। ਸੰਤਾਂ ਨੇ ਓਸੇ ਵੇਲੇ ਚਵਿੰਡੀਏ ਨੂੰ ਸੱਦ ਕੇ ਬਹੁਤ ਤਾੜ ਪਾਈ, ''ਓ ਭਈ ਠੀਕ ਹੈ- ਇਕ ਨੇ ਤਾਂ ਗੁਨਾਹ ਕੀਤਾ। ਪਰ ਦੂਜੇ ਦੇ ਗੁਨਾਹ ਨੂੰ ਲੋਕਾਂ ਵਿਚ ਉਛਾਲਣਾ, ਆਪਣੇ ਆਪ ਵਿਚ ਇਹ ਵੀ ਉਂਜ ਕਿੰਨੀ ਕੁ ਚੰਗੀ ਗੱਲ ਹੈ।''

ਏਸੇ ਤਰ੍ਹਾਂ ਇਕ ਹੋਰ ਪ੍ਰਸਿੱਧ ਘਟਨਾ ਹੈ ਕਿ ਇਕ ਵੇਰ ਉਹ ਸ੍ਰੀ ਹਰਮਿੰਦਰ ਸਾਹਿਬ ਵਿਖੇ ਕੀਰਤਨ ਕਰ ਰਿਹਾ ਸੀ। ਕਾਬਲ ਹਕੂਮਤ ਦਾ ਇਕ ਨੁਮਾਇੰਦਾ ਅਮੀਰੇ-ਖਾਸ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਆਇਆ। ਭਾਈ ਮੋਤੀ ਭਾਂਪ ਗਿਆ। ਆਪ ਚਮੁਖੀਏ ਅਥੇ ਸਰਵਸ੍ਰੇਸ਼ਟ ਸੰਗੀਤਕਾਰ ਤਾਂ ਸਨ ਹੀ, ਨਾਲ ਮਜ਼ਮੂਨ ਉਨ੍ਹਾਂ ਭਾਈ ਨੰਦ ਲਾਲ ਜੀ ਦੀਆਂ ਫਾਰਸੀ ਗਜ਼ਲਾਂ ਦਾ ਵੀ ਜੋੜ ਦਿੱਤਾ। ਅਮੀਰੇ-ਖਾਸ, ਭਾਈ ਸਾਹਿਬ ਦੀ ਹੁਨਰਮੰਦੀ ਤੇ ਲੱਟੂ ਹੋ ਗਿਆ ਅਤੇ ਆਪ ਦਾ ਹਰ ਤਰ੍ਹਾਂ ਦਾ ਖਰਚਾ ਝੱਲ ਕੇ, ਕੁਝ ਸਮੇਂ ਲਈ ਕਾਬਲ ਆਪਣੇ ਨਾਲ ਲੈ ਗਿਆ। ਕੁਝ ਸਮੇਂ ਪਿਛੋਂ ਉਸਨੂੰ ਕਾਫੀ ਇਨਾਮ ਇਕਰਾਮ ਦੇ ਕੇ ਵਾਪਸ ਤੋਰਿਆ।

ਆਟਾ ਮੰਡੀ ਵਾਲੇ ਭਾਈ ਸੁੰਦਰ ਸਿੰਘ ਜੀ ਇਸ ਮੋਤੀ ਦੇ ਹੀ ਸ਼ਾਗਿਰਦ ਸਨ। ਉਨ੍ਹਾਂ ਵਰਗਾ ਵੀ ਕਿਸ ਹੋ ਜਾਣਾ ਹੈ।

ਭਾਈ ਮੋਤੀ, ਸੱਚ ਮੁੱਚ ਭਾਈ ਮੋਤੀ ਹੀ ਸੀ। ਉਸ ਦੀ ਮੌਤ ਲਗਭਗ 1930 'ਚ ਹੋਈ।

## ਆਸਾ ਸੇਖ ਫਰੀਦ ਜੀਉ ਕੀ ਬਾਣੀ॥

## ੴ ਸਤਿਗੁਰ ਪ੍ਰਸਾਦਿ॥

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥
ਵਿਸਰਿਆ ਜਿਨੑ ਨਾਮੁ ਤੇ ਭੁਇ ਭਾਰੁ ਥੀਏ॥੧॥ਰਹਾਉ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲ ਸੇ॥੨॥
ਪਰਵਦਗਾਰ ਅਪਾਰ ਅਗਮ ਬੇਅੰਤ ਤੂ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ॥੪॥੧॥

**ਭਾਵ ਅਰਥ:**

ਜਿਨਾਂ ਮਨੁੱਖਾਂ ਦਾ ਰੱਬ ਨਾਲ ਪਿਆਰ ਹੈ, ਉਹੀ ਸੱਚੇ ਆਸ਼ਕ ਹਨ ਪਰ ਜੋ ਮਨ ਕਰਕੇ ਕੁਝ ਹੋਰ ਤੇ ਮੁਖ ਕਰਕੇ ਕੁਝ ਹਨ ਉਹ ਕੱਚੇ (ਆਸ਼ਕ) ਆਖੇ ਜਾਂਦੇ ਹਨ॥੧॥

ਜਿਹੜੇ ਮਨੁਖ ਉਸ ਖੁਦਾ ਦੇ ਪਿਆਰ, ਖੁਦਾ ਦੇ ਦੀਦਾਰ ਸੰਗ ਰੱਤੇ ਹੋਏ ਹਨ। (ਉਹੀ ਸੱਚੇ ਤੇ ਅਸਲ ਹਨ) ਪਰ ਜਿੰਨ੍ਹਾ ਨੂੰ ਉਸ ਦਾ ਨਾਮ ਵਿਸਰ ਗਿਆ ਹੈ ਉਹ ਇਸ ਧਰਤ ਉਤੇ ਨਿਰਾ ਭਾਰ ਹੀ ਹਨ॥੧॥ ਰਹਾਉ॥

ਜਿੰਨਾਂ ਨੂੰ ਉਸ ਨੇਂ (ਖੁਦਾ ਨੇ) ਆਪ ਆਪਣੇ ਲੜ ਲਾਇਆ ਹੈ ਉਹ ਉਸ ਦੇ ਦਰ ਘਰ ਦੇ ਦਰਵੇਸ਼ ਹਨ। ਉਰਨ੍ਹਾਂ ਨੂੰ ਜਨਮ ਦੇਣ ਵਾਲੀ ਮਾਂ ਵੀ ਧਨ ਹੈ ਤੇ ਉਨ੍ਹਾਂ ਦਾ ਆਉਣਾ ਵੀ (ਇਸ ਜਗਤ ਵਿਚ) ਸਫਲ ਹੈ॥੨॥ ਹੇ ਪਾਲਣਹਾਰੀ ਤੂੰ ਬੇਅੰਤ ਤੇ ਅਪਹੁੰਚ ਹੈ, ਜਿਨ੍ਹਾਂ ਨੇ ਇਹ ਸਚ ਜਾਣ ਲਿਆ ਹੇ ਮੈਂ ਉਨ੍ਹਾਂ ਦੇ ਪੈਰ ਚੁੰਮਦਾ ਹਾਂ॥੩॥

ਹੇ ਖੁਦਾ। ਮੈਨੂੰ ਤੇਰਾ ਹੀ ਆਸਰਾ ਹੈ, ਤੂੰ ਬਖਸਣ ਵਾਲਾ ਹੈ, ਮੈਨੂੰ ਸ਼ੇਖ ਫਰੀਦ ਨੂੰ ਆਪਣੀ ਬੇਦਗੀ ਦਾ ਖੈਰ ਦਿਉ॥੪॥੧॥

| ਰਾਗ ਆਸਾ | ਇਕ ਤਾਲ |
|---|---|

× 2 3 × 2 3

## ਸਥਾਈ :

ਰੇ ਮ - ਪ ਪ ਧਨੀ ਧਧ ਸਾਂ - ਰੇ ਸਾਂ ਨੀ ਧ ਪ

ਰ ਤੇ S ਇ ਸ ਕS ਖੁS ਦਾ S ਇ ਰੰ S ਗ ਦੀ

ਪ ਧ ਮ ਪ - - - ਪ ਪ ਧ ਨੀਧ ਪਧ ਨੀ ਧ

ਦਾ S ਰ ਕੇ S S S ਵਿ ਸ ਰਿ ਆS SS ਜਿ ਨੁ

ਪ ਮ ਮ ਮ ਪ ਪ ਪ ਗ ਰੇ ਸਾ ਸਾਗ ਰੇਗ ਸ -

ਨਾ S ਮੁ ਤੇ S ਭੁ ਇ ਭਾ S ਥੀ ਏS SS S S

## ਅੰਤਰਾ :

ਸਾਂ ਧ ਮ ਪ - ਧਨੀ ਪਧ ਸਾਂ - ਸਾਂ ਰੇਂ - ਰੇਂ -

ਦਿ ਲਹ ਮ ਹ S ਬS ਤਿS ਜਿੰ Sਨੁ ਸੇ S ਈ S

ਸਾਂਗਾਂ ਰੇਂਗਾਂ ਗਾਂ ਗੇ ਸਾਂ - - ਸਾਂਸਾਂ ਸਾਂਰੇਂ ਸਾਂ ਨੀ ਧ ਧ

ਸS SS ਚਿ ਆ S S S ਜਿਨੁ ਮਨਿ ਹੋ ਰੁ ਮੁ ਖਿ

ਪ ਧ ਮ ਮ ਪ ਪ - ਗ ਰੇ ਸਾ ਸਾਗ ਰੇਗ ਸਾ -

ਹੋ ਰੁ ਸਿ ਕਾਂ S ਢੇ S ਕ S ਢਿ ਆS SS S S

# ਭਾਈ ਮਰਦਾਨਾ ਯਾਦਗਾਰੀ ਵਿਦਿਆਰਥੀ ਕੀਰਤਨ ਦਰਬਾਰ

**ਲੁਧਿਆਣਾ** – ਫਰਵਰੀ ਪਿਛਲੇ ਦਿਨੀਂ ਗੁਰੂ ਗੋਬਿੰਦ ਸਿੰਘ ਸੱਟਡੀ ਸਰਕਲ ਵਲੋਂ ਭਾਈ ਮਰਦਾਨਾ ਜੀ ਦੀ ਯਾਦ ਨੂੰ ਸਮਰਪਤ ਗਿਆਰਵਾਂ "ਭਾਈ ਮਰਦਾਨਾ ਯਾਦਗਾਰੀ ਵਿਦਿਆਰਥੀ ਕੀਰਤਨ ਦਰਬਾਰ" ਕਰਵਾਈਆ ਗਿਆ ਹੈ। ਵਿਖਕਤੀਗਤ ਮੁਕਾਬਲੇ ਚ ਪਹਿਲਾ ਇਨਾਮ (ਗੋਲਡ ਮੈਡਲ) ਬੀਬੀ ਪਰਮਜੋਤ ਕੌਰ ਗੁਰੂ ਨਾਨਕ ਕਾਲਜ ਲੁਧਿਆਣਾ ਦੂਸਰਾ ਇਨਾਮ ਬੀਬੀ ਜਸਮੀਤ ਕੌਰ ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਲਜ ਫਾਰ ਵੂਮੇਨ ਲੁਧਿਆਣਾ ਤੇ ਤੀਸਰਾ ਇਨਾਮ ਵਿਜੇ ਕੁਮਾਰ ਗੁਰੂ ਗੋਬਿੰਦ ਖਾਲਸਾ ਕਾਲਜ ਗੁਰੂਸਰ ਸੁਧਾਰ ਨੂੰ ਦਿੱਤਾ ਗਿਆ। ਇਸ ਤੋਂ ਇਲਾਵਾ ਵਿਸ਼ੇਸ਼ ਉਤਸਾਹ ਵਧਾਉ ਇਨਾਮ ਵੀ ਵੰਡੇ ਗਏ। ਗਰੂਪ ਕੰਪੀਟੀਸ਼ਨ ਵਿਚੋਂ ਪਹਿਲਾ ਇਨਾਮ ਭਾਈ ਮਰਦਾਨਾ ਯਾਦਗਾਰੀ ਚਲੰਤ ਟਰਾਫੀ ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਲਜ ਫਾਰ ਵੂਮੇਨ ਲੁਧਿਆਣੀ ਦੀ ਟੀਮ ਨੂੰ ,ਦੂਸਰਾ ਇਨਾਮ ਰਾਮਗੜ੍ਹੀਆ ਕਾਲਜ ਲੁਧਿਆਣਾ ਨੇ ਹਾਸਲ ਕਰਕੇ ਪਦਮ ਸ਼ਿਰੀ ਮੋਹਨ ਸਿੰਘ ਚਲੰਤ ਟਰਾਫੀ ਹਾਸਲ ਕੀਤੇ। ਅਤੇ ਤੀਸਰਾ ਇਨਾਮ ਮਾਤਾ ਸੁਮਿੱਤਰ ਕੌਰ ਯਾਦਗਾਰੀ ਚਲੰਤ ਟਰਾਫੀ ਗੁਰੂ ਨਾਨਕ ਗਰਲਜ਼ ਕਾਲਜ ਲੁਧਿਆਣਾ ਦੀ ਟੀਮ ਨੂੰ ਦਿੱਤੀ ਗਈ। ਚੋਥੇ ਤੋ ਪੰਜਵੇਂ ਸਥਾਨ ਤੇ ਆਉਣ ਵਾਲੀਆਂ ਟੀਮਾ ਨੂੰ ਸੀਲਡਾ ਦਿਤੀਆ ਗਈਆ। ਇਹਨਾਂ ਤੋ ਇਲਾਵਾ ਵਿਸ਼ੇਸ਼ ਉਤਸਾਹ ਵਦਆਊ ਇਨਾਮ ਵੀ ਵੰਡੇ ਗਏ।

ਇਸ ਸਮਾਗਮ ਵਿਚ ਸਿੰਘ ਸਾਹਿਬ ਪ੍ਰਿ: ਮਨਜੀਤ ਸਿੰਘ ਜੀ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਉਚੇਚੇ ਤੌਰ ਤੇ ਪਹੁੰਚੇ। ਉਹਨਾਂ ਨੇ ਕੀਰਤਨ ਅਤੇ ਗੁਰਮਤਿ ਵਿਚਾਰਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਭਾਈ ਮਰਦਾਨਾ ਜੀ ਬਾਰੇ ਬੋਲਦੇ ਹੋਏ ਉਹਨਾਂ ਨੇ ਕਿਹਾ ਕਿ ਭਾਈ ਮਰਦਾਨਾ ਜੀ ਕੋਈ ਆਮ ਮੱਨੁਖ ਨਹੀਂ ਸਨ ਸਗੋਂ ਉਹ ਤਾਂ ਬ੍ਰਹਮ ਗਿਆਨੀ ਸਨ ਜਿਨ੍ਹਾਂ ਤੋ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਿਹਰ ਦੀ ਨਜ਼ਰ ਸੀ। ਗੁਰੂ ਨਾਨਕ ਸਾਹਿਬ ਦੀ ਇਤਨਾ ਲੰਬਾ ਸਮਾਂ ਸੰਗਤ ਕਰਨੀ ਇਹ ਭਾਈ

ਮਰਦਾਨਾ ਜੀਦੇ ਹਿੱਸੇ ਹੀ ਆਈ ਹੈ।ਗੁਰਮਤਿ ਵਿਚਾਰਾਂ ਕਰਦੇ ਹੋਏ ਹੀ ਸਿੰਘ ਸਾਹਿਬ ਨੇ ਸੰਗਤਾਂ ਨੂੰ ਹਲੂਣਾ ਦਿੱਤਾ ਕਿ ਉਹ ਗੁਰੂ ਸ਼ਬਦ ਨਾਲ ਜੁੜਨ । ਅੱਜ ਦੇ ਸਮੇ ਵਿੱਚ ਇਕ ਸ਼ਬਦ ਗੁਰੂ ਹੀ ਐਸਾ ਗੁਰੂ ਹੈ। ਜੋ ਜ਼ਗਤ ਜਲੰਦੇ ਤੋ ਸਾਨੂੰ ਬਚਾ ਸਕਦਾ ਹੈ। ਕੀਰਤਨ ਤੋ ਬਾਅਕ ਸਿੰਘ ਸਾਹਿਬ ਨੇ ਜੇਤੂ ਵਿਦਿਆਰਥੀਆ/ ਵਿਦਿਆਰਥਣਾਂ ਨੂੰ ਇਨਾਮ ਵੰਡੇ ਇਸ ਸਮੇਂ ਸਿੰਘ ਸਾਹਿਬ ਨੂੰ ਚੀਫ ਸੱਕਤਰ ਸ੍ਰ: ਗੁਰਮੀਤ ਸਿੰਘ ਹੋਰਾਂ ਨੇ ਸੱਟਡੀ ਸਰਕਲ ਵਲੋਂ ਯਾਦਗਾਰੀ ਚਿੰਨ ਭੇਂਟ ਕੀਤੇ। ਸ੍ਰ: ਜਤਿੰਦਰ ਸਿੰਘ ਜੀ ਡਿਪਟੀ ਚੀਫ.ਆਰਗਨਾਈਜ਼ਰ ਸੱਟਡੀ ਸਰਕਲ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ, ਸਿੰਘ ਸਾਹਿਬ ਦਾ ਅਤੇ ਸਮੂਹ ਸੰਗਤਾਂ ਦਾ ਧਨੰਵਾਦ ਕੀਤਾ। ਉਪਰੰਤ ਗੁਰੂ ਕਾ ਅਤੁਟ ਲੰਗਰ ਵਰਤਿਆ।

ਸਹੀ/-

ਜਾਰੀ ਕਰਤਾ
ਸ੍ਰ: ਰਵਿੰਦਰ ਸਿੰਘ,
ਕੀਰਤਨ ਸੱਕਤਰ